International Journal of Applied Research 2017; 3(10): 343-346




**ISSN Print:** 2394-7500
**ISSN Online:** 2394-5869
**Impact Factor:** 5.2
IJAR 2017; 3(10): 343-346
www.allresearchjournal.com
Received: 15-08-2017
Accepted: 16-09-2017

**ਸ. ਰਾਜਿੰਦਰ ਸਿੰਘ**
Cont. Lecturer in Punjabi, Govt. SPMR, College of Commerce, Jammu, India

# ਜਲ ਬਿਨੁ ਕੁੰਭ ਨਾਵਲ ਦਾ ਲੋਕਧਾਰਾਈ ਅਧਿਐਨ

**ਸ. ਰਾਜਿੰਦਰ ਸਿੰਘ**

## Introduction

"ਜਲ ਬਿਨੁ ਕੁੰਭ" ਚੰਦਨ ਨੇਗੀ ਦਾ ਪਲੇਠਾ ਨਾਵਲ ਹੈ । ਇਸ ਨਾਵਲ ਦਾ ਖੇਤਰ ਡੁਗਰ ਦਾ ਇਲਾਕਾ ਜੰਮੂ ਹੈ । ਇਹ ਖੇਤਰ ਪੰਜਾਬ ਦੇ ਨਾਲ ਲੱਗਦਾ ਹੋਣ ਕਰਕੇ ਸਭਿਆਚਰਕ ਪੱਖ ਤੋਂ ਭਾਵੇਂ ਪੰਜਾਬ ਨਾਲੋਂ ਅੱਡਰੇ ਸਭਿਆਚਾਰ ਦਾ ਧਾਰਨੀ ਨਹੀਂ ਪਰ ਇਸ ਖੇਤਰ ਦੀ ਆਪਣੀ ਇਕ ਵੱਖਰੀ ਪਛਾਣ ਜ਼ਰੂਰ ਹੈ ਜੋ ਇਸ ਨਾਵਲ ਵਿਚ ਕਾਇਮ ਹੈ। 'ਜਲ ਬਿਨ ਕੁੰਭ' ਵਿਚ ਲੋਕ ਧਾਰਾ ਦੀਆਂ ਅਨੇਕਾਂ ਰੂੜੀਆਂ ਤੇ ਗਲਪ ਵਿਧੀਆਂ ਫੈਲੀਆਂ ਹੋਈਆਂ ਹਨ । ਇਸ ਲਈ ਇਸ ਦਾ ਲੋਕਧਾਰਾਈ ਪੱਖ ਤੋਂ ਅਧਿਐਨ ਰਚਿਕ ਹੈ । ਇਹੋ ਇਸ ਹੱਥਲੇ ਲੇਖ ਦਾ ਯਤਨ ਹੈ । 'ਜਲ ਬਿਨੁ ਕੁੰਭ' ਜੰਮੂ ਦੇ ਜਿਸ ਖਿੱਤੇ ਨਾਲ ਸੰਬਧਤ ਹੈ, ਇਹ ਖਿੱਤਾ ਚੰਦਨ ਦਾ ਨਾ ਸਿਰਫ ਜਾਣਿਆ ਪਛਾਣਿਆ, ਸੁਣਿਆ ਹੀ ਹੈ, ਸਗੋਂ ਉਥੇ ਦੇ ਜੀਵਨ ਸਾਗਰ ਵਿਚ ਉਹ ਮੱਛੀ ਦੀ ਤਰ੍ਹਾਂ ਤੈਰਦੀ ਰਹੀ ਹੈ । ਉਸ ਦੇ ਜੀਵਨ ਦੇ ਸਭ ਤੋਂ ਸੋਹਣੇ ਪਲ ਦੇ ਸੁਪਨੇ ਇਸ ਖਿੱਤੇ ਨਾਲ ਜੁੜੇ ਹੋਏ ਹਨ । ਇਥੇ ਦੀ ਸੰਸਕ੍ਰਿਤੀ ਨੂੰ ਉਸ ਨੇ ਆਪਣੇ ਪਿੰਡੇ ਉਤੇ ਹੰਢਾਇਆ ਹੈ ਤੇ ਇਥੇ ਦੀ ਲੋਕਧਾਰਾ ਉਸ ਦੀ ਸੋਚ ਵਿਚ ਸਮਾਈ ਰਹੀ ਹੈ । ਉਹ ਆਪਣੇ ਨਾਵਲ 'ਜਲ ਬਿਨ ਕੁੰਭ' ਵਿਚ ਇਸ ਖਿੱਤੇ ਨੂੰ ਆਪਣੇ ਪੂਰੇ ਭੁਗੋਲਿਕ ਤੇ ਸਭਿਆਚਾਰਕ ਪੱਖ-ਪਸਾਰ ਵਿਚ ਪੇਸ਼ ਕਰਦੀ ਹੈ । ਜੰਮੂ ਦੇ ਕਥਾਨਿਕ ਰੰਗ, ਉਸ ਦੇ ਦ੍ਰਿਸ਼ ਚਿੱਤਰਾਂ, ਸਥਾਨਕ ਮੰਦਰ ਅਤੇ ਉਥੋਂ ਦੇ ਉਪ-ਭਖਾਈ ਰੰਗ ਵਿਚ ਪੂਰੇ ਜਲੋਅ ਵਿਚ ਉਗੜੇ ਹਨ ਅਤੇ ਸਭਿਆਚਾਰਕ ਰੰਗ ਰੀਤਾਂ-ਰਸਮਾਂ, ਸੋਚਾਂ, ਮਨੌਤਾਂ ਅਤੇ ਧਰਮ ਵਿਧੀਆਂ ਵਿਚ ।[1]

ਨਾਵਲ ਵਿਚ ਲੋਕਧਾਰਾ ਕਈ ਰੰਗਾਂ ਵਿਚ ਫੈਲੀ ਹੋਈ ਹੈ । ਗੱਲ ਨਾਵਲ ਦੇ ਨਾਂ ਤੋਂ ਸ਼ੁਰੂ ਕਰਦੇ ਹਾਂ । 'ਜਲ ਬਿਨੁ ਕੁੰਭ' ਤੋਂ ਭਾਵ ਹੈ ਸਖਣਾ ਘੜਾ । ਲੋਕ ਵਿਸ਼ਵਾਸ ਅਨੁਸਾਰ ਘੜਾ ਭਰਿਆ ਹੀ ਸ਼ੋਭਦਾ ਹੈ ਸਖਣਾ ਘੜਾ ਅਸ਼ੁਭ ਮੰਨਿਆ ਜਾਂਦਾ ਹੈ । ਜਦੋਂ ਕੋਈ ਕੰਮ ਜਾਂ ਸਫਰ ਲਈ ਘਰੋਂ ਨਿਕਲੇ ਤੇ ਜੇ ਅੱਗੋ ਕੋਈ ਸਖਣਾ ਘੜਾ ਚੁਕੀ ਮਿਲ ਜਾਏ ਤਾਂ ਬਦਸ਼ਗਣੀ ਮੰਨੀ ਜਾਂਦੀ ਹੈ, ਲੋਕ ਵਿਸ਼ਵਾਸ ਹੈ ਕਿ ਕਾਰਜ ਨੇਪਰੇ ਨਹੀਂ ਚੜ੍ਹੇਗਾ । ਨਾਵਲ ਵਿਚ ਗੌਰਾਂ 'ਜਿਲ ਬਿਨੁ ਕੁੰਭ' ਹੈ । ਉਸ ਦਾ ਜੀਵਨ ਸਖਣੇ ਘੜੇ ਵਾਂਗ ਹੈ । ਪਹਿਲਾ ਗੌਰਾਂ ਦੇ ਮਾਪੇ ਸਰਦੇ ਹਨ ਤੇ ਇਕਲੀ ਗੌਰਾਂ ਘਰੋਂ-ਬੇ-ਘਰ ਹੋਈ ਫਿਰਦੀ ਹੈ । ਵਿਆਹ ਤੋਂ ਬਾਅਦ ਗੌਰਾਂ ਦਾ ਪਤੀ ਮਰਦਾ ਹੈ ਤੇ ਉਹ ਵਿਧਵਾ ਹੋ ਕੇ ਠੋਕਰਾਂ ਖਾਂਦੀ ਹੈ । ਫਿਰ ਰਣਜੀਤ ਉਸ ਦੇ ਜੀਵਨ ਵਿਚ ਆਉਂਦਾ ਹੈ । ਗੌਰਾ ਨਾਲ ਮੁਹੱਬਤ ਕਰਦਾ ਹੈ ਤੇ ਕੁਆਰੇ ਹੋਣ ਦੇ ਬਾਵਜੂਦ ਵਿਧਵਾ ਗੌਰਾ ਨਾਲ ਵਿਆਹ ਕਰਵਾਂਦਾ ਹੈ । ਗੌਰਾਂ ਦੇ ਬੱਚੇ ਸ਼ਿਵ ਨੂੰ ਵੀ ਕਬੂਲ ਕਰਦਾ ਹੈ ਪਰ ਹੌਲੀ-ਹੌਲੀ ਦੋਵੇਂ ਇਕ-ਦੂਜੇ ਤੋਂ ਵਿਥ ਤੇ ਹੁੰਦੇ ਗਏ । ਉਨ੍ਹਾਂ ਦੋਹਾਂ ਵਿਚਾਲੇ ਸੰਜੋਗ ਘੱਟ ਹੈ ਤੇ ਵਿਯੋਗ ਜ਼ਿਆਦਾ । ਅੰਤ ਵਿਚ ਗੌਰਾ ਦਾ ਪੁੱਤਰ ਸ਼ਿਵ ਮਰਦਾ ਹੈ ਤੇ ਉਹ ਸਖਣੀ ਹੋ ਜਾਂਦੀ ਹੈ । ਗੌਰਾਂ ਦੀ ਜ਼ਿੰਦਗੀ ਦਾ ਸਾਰਾ ਸਫਰ ਇੱਕ ਦੁਖ ਤੋਂ ਦੂਜੇ ਦੁਖ ਤੱਕ ਦਾ ਸਫਰ ਹੈ । ਇੱਕ ਸਖਣੇ ਘੜੇ ਵਾਲੀ ਬਦਸ਼ਗਣੀ ਸਾਰੇ ਨਾਵਲ ਉਤੇ ਫੈਲੀ ਹੋਈ ਹੈ। ਇਸ ਨਾਵਲ ਦੇ ਪਾਠ ਵਿਚ ਥਾਂ ਪੁਰ ਥਾਂ ਆਈਆਂ ਮਿੱਥਾਂ, ਰੀਤਾਂ, ਰਸਮਾਂ, ਪੂਜਾ-ਵਿਧੀਆਂ ਅਤੇ ਲੋਕ-ਵਿਸ਼ਵਾਸ ਆਪਣੇ ਸੰਦਰਭਗਤ ਅਰਥਾਂ ਵਿਚ ਹੀ ਪੇਸ਼ ਹੋਏ ਹਨ । ਇਸ ਦਾ ਮੂਲ ਕਾਰਨ ਇਹੀ ਪ੍ਰਤੀਤ ਹੁੰਦਾ ਹੈ ਕਿ ਇਸ ਨਾਵਲ ਦੇ ਪਾਤਰਾਂ ਦਾ ਸਾਰਾ ਮਾਨਸਿਕ ਅਤੇ ਬੌਧਿਕ ਕਾਰ-ਵਿਹਾਰ ਲੋਕ-ਮਾਨਸ ਦੀਆਂ ਪ੍ਰਵਿਰਤੀਆਂ ਦੁਆਰਾ ਹੀ ਸੰਚਾਲਿਤ ਅਤੇ ਨਿਰਦੇਸ਼ਤ ਹੁੰਦਾ ਹੈ । ਨਾਵਲ ਦੇ ਪਾਤਰ ਲੋਕ-ਜੀਵਨ ਦੇ ਧਾਰਨੀ ਹਨ ਇਸ ਲਈ ਪਰੰਪਰਾਗਤ ਜੀਵਨ-ਜਾਚ ਉਨ੍ਹਾਂ ਦੇ ਜੀਵਨ ਦਾ ਅਨਿੱਖੜ ਅੰਗ ਹੈ । ਲੇਖਿਕਾ ਇਨ੍ਹਾਂ ਲੋਕ-ਬਿਤ੍ਰਾਂਤ ਦਆਰਾ ਇਕ ਵਿਸ਼ੇਸ਼ ਖਿਤੇ ਦੇ, ਲੋਕਾਂ ਦੀ ਰਹਿਣੀ - ਬਹਿਣੀ ਅਤੇ ਰਹਿਤਲ ਦਾ ਪ੍ਰਤੀਬਿੰਬ ਹੀ ਪੇਸ਼ ਕਰਨ ਵੱਲ ਰੁਚਿਤ ਹੈ ॥ 'ਜਿਲ ਬਿਨੁ ਕੁੰਭ' ਨਾਵਲ ਦੀ ਆਧਾਰ ਵਸਤੂ ਅਜਿਹਾ ਹੀ ਸਮਾਜ ਹੈ ਜੋ ਪਰੰਪਰਾਗਤ ਜੀਵਨ ਕੀਮਤਾਂ ਹੀ ਗਲੇ ਲਗਾਈ ਬੈਠਾ ਹੈ । ਇਸ ਵਿਚ ਮਿਥਾਂ, ਲੋਕ-ਵਿਸ਼ਵਾਸ ਅਤੇ ਲੋਕ-ਧਾਰਨਾਵਾਂ ਹੀ ਜੀਵਨ ਦੀਆਂ ਸੰਚਾਲਕ ਸ਼ਕਤੀਆਂ ਹਨ ।

ਇਕ ਸਫ਼ਲ ਨਾਵਲਕਾਰ ਪਾਤਰਾਂ ਦੇ ਚਰਿਤਰ ਦੇ ਸਮੁੱਚੇ ਵੇਰਵੇ ਵਿਸ਼ੇਸ਼ਣੀ ਸ਼ੈਲੀ ਵਿਚ ਨਹੀਂ ਦੇਂਦਾ ਸਗੋਂ ਉਹ ਅਜਿਹੀਆਂ ਬ੍ਰਿਤਾਂਤਕ ਜੁਗਤਾ ਦੀ ਵਰਤੋਂ ਕਰਦਾ ਹੈ, ਜਿਨ੍ਹਾਂ ਰਾਹੀ ਉਹ ਪਾਤਰਾਂ ਦੇ ਚਿਤਵੇ ਹੋਏ ਚਰਿਤਰ ਨੂੰ ਚਿਤਰਣ ਦੀ ਕੋਸ਼ਿਸ਼ ਕਰਦਾ ਹੈ, ਨਾਵਲ ਵਿੱਚ ਲੇਖਿਕਾ ਨੇ ਅਜਿਹੀਆਂ ਹੀ ਲੋਕਯਾਨਿਕ ਬ੍ਰਿਤਾਂਤਕ ਜੁਗਤਾਂ ਦੀ ਵਰਤੋਂ ਕੀਤੀ ਹੈ । ਉਦਾਹਰਣ ਦੇ ਤੌਰ ਤੇ ਠਾਕਰ ਸ਼ਿੰਗਾਰਾ ਸਿੰਘ ਦੇ ਪਹਿਰਾਵੇ ਸੰਬੰਧੀ ਲਿਖਦਿਆਂ ਉਹ ਨਾ ਕੇਵਲ ਇਹ ਦੱਸਦੀ ਹੈ ਕਿ ਸ਼ਿੰਗਾਰਾ ਸਿੰਘ ਨੇ ਪਰੰਪਰਾਗਤ ਡੋਗਰੀ ਪਹਿਰਾਵਾ ਪਹਿਨਿਆ ਹੋਇਆ ਹੈ ਸਗੋਂ ਉਸਦੇ ਪਹਿਰਵੇ ਦਾ ਪੂਰਾ ਵਿਸਥਾਰ ਪੇਸ਼ ਕਰਦੀ ਹੈ । ਇਸ ਤਰ੍ਹਾਂ ਲੋਕ ਪਹਿਰਾਵੇ ਦੇ ਵਰਣਨ ਦੁਆਰਾ ਉਹ ਪਾਤਰਾਂ ਦੇ ਨਾਵਲੀ ਬਿੰਬ ਉਸਾਰਨ ਦੀ ਕੋਸ਼ਿਸ਼ ਕਰਦੀ ਹੈ । ਜਿਵੇਂ :

**Correspondence**
**ਸ. ਰਾਜਿੰਦਰ ਸਿੰਘ**
Cont. Lecturer in Punjabi, Govt. SPMR, College of Commerce, Jammu, India

ਠਾਕਰ ਸਿੰਗਾਰਾ ਸਿੰਘ ਦਾ ਚਿੱਟਾ ਚੂੜੀਦਾਰ ਪਜਾਮਾ, ਕਾਲੀ ਅੱਚਕਨ, ਅੱਚਕਨ ਦੇ ਲਿਸ਼ਕਦੇ ਸੋਨੇ ਦੇ ਬਟਣ, ਬਟਣਾਂ ਨਾਲ ਜੇਬ ਤੀਕ ਲਟਕਦੀ
ਘੜੀ ਦੀ ਚੇਨ, ਨੋਕ ਵਾਲੀ ਤਿਲੇਦਾਰ ਪੋਠੋਹਾਰੀ ਜੁੱਤੀ, ਹੱਥ ਵਿਚ ॥ ਚਾਦੀ ਦੀ ਮੁੱਠ ਵਾਲੀ ਸੋਟੀ ।[2]

ਪਹਿਰਾਵਾ ਕਿਸੇ ਵੀ ਵਿਅਕਤੀ ਦੀ ਸਮਾਜਿਕ ਸਥਿਤੀ ਦਾ ਲਖਾਇਕ ਹੁੰਦਾ ਹੈ । ਇਸ ਦਾ ਸੰਬੰਧ ਵਿਅਕਤੀ ਦੀ ਆਰਥਿਕਤਾ ਨਾਲ ਵੀ ਹੁੰਦਾ ਹੈ । ਠਾਕਰ ਸ਼ਿੰਗਾਰਾ ਸਿੰਘ ਕਿਉਂਕਿ ਜਾਗੀਰਦਾਰ ਹੈ । ਇਸ ਲਈ ਉਸ ਦਾ ਚਰਿਤਰ ਜਿੱਥੇ ਦੂਸਰੇ ਪਾਤਰਾਂ ਨਾਲ ਗੱਲਬਾਤ ਰਾਹੀਂ ਸਪੱਸ਼ਟ ਹੁੰਦਾ ਹੈ । ਉਸ ਦਾ ਪਹਿਰਾਵਾ ਵੀ ਉਸਦੀ ਵਿਸ਼ੇਸ਼ ਸਮਾਜਿਕ ਸਥਿਤੀ ਦੀ ਸੋਝੀ ਕਰਵਾਉਂਦਾ ਹੈ । ਪੋਠੋਹਾਰੀ ਜੁੱਤੀ, ਕਾਲੀ ਅੱਚਕਨ, ਚਾਂਦੀ ਦੀ ਮੁੱਠ ਵਾਲੀ ਸੋਟੀ, ਇਹ ਲੋਕ ਪਹਿਰਾਵੇ ਦੇ ਅਜਿਹੇ ਚਿੰਨ ਹਨ ਜੋ ਸ਼ਿੰਗਾਰਾ ਸਿੰਘ ਦੀ ਸਮਾਜਿਕ ਪੈਠ ਨੂੰ ਚਿੰਨ੍ਹਤ ਕਰਦੇ ਹਨ । ਲੇਖਿਕਾ ਲੋਕਧਾਰਾ ਦੇ ਅਨੇਕਾਂ ਸੋਮਿਆਂ ਤੋਂ ਸਾਮਗ੍ਰੀ ਲੈ ਕੇ ਨਾਵਲੀ ਬ੍ਰਿਤਾਂਤ ਸਿਰਜਦੀ ਹੈ ਅਤੇ ਇਹ ਬ੍ਰਿਤਾਂਤ ਪਾਤਰਾਂ ਦੀ ਸਥਿਤੀ ਨੂੰ ਵਧੇਰੇ ਚੰਗੀ ਤਰ੍ਹਾਂ ਉਘਾੜਦੇ ਹਨ । ਇਸ ਰਚਨਾ ਵਿਚ ਲੋਕਧਾਰਾ ਦੇ ਚਿੰਨ੍ਹ ਜਾਂ ਸਾਮਗ੍ਰੀ ਵਧੇਰੇ ਕਰਕੇ ਆਪਣੇ ਸੁੰਦਰਭਗਤ ਅਰਥਾਂ ਵਿਚ ਹੀ ਪੇਸ਼ ਹੋਈ ਹੈ । ਮਿੱਥ ਲੋਕ-ਸਾਹਿਤ ਦਾ ਮਹੱਤਵਪੂਰਨ ਰੂਪ ਹੈ ਅਤੇ ਸਾਹਿਤਕਾਰਾਂ ਨੇ ਮਿੱਥ ਦੇ ਅਨੁਸਰਣ ਤੇ ਰੂਪਾਂਤ੍ਰਣ ਦੁਆਰਾ ਵਿਭਿੰਨ ਰੂਪਾਕਾਰਾਂ ਵਿਚ ਰਚਨਾ-ਪਾਠ ਸਿਰਜਨ ਦੀ ਕੋਸ਼ਿਸ਼ ਕੀਤੀ ਹੈ ।

ਨਾਵਲ ਦੀ ਲੇਖਿਕਾ ਨੇ ਗੁਰੂ ਨਾਨਕ ਦੇਵ ਜੀ ਦੀ ਮਿੱਥ ਨੂੰ ਪੇਸ਼ ਕੀਤਾ ਜਿਵੇਂ :
'ਬਾਰਾਂ ਸਾਲਾਂ ਤੋਂ ਉਹ ਵੀਰਵਾਰ ਪੀਰ ਬੁੱਢਣ ਸ਼ਾਹ ਦੀ ਦਰਗਾਹ ਉੱਤੇ ਜੋਤਾਂ ਜਗਾਉਣ ਆਉਂਦੇ ਹਨ, ਪਿੱਪਲ ਦੇ ਰੁੱਖ ਹੇਠ ਬੈਠੇ ਢੋਲੀ ਕੋਲ ਜੁੱਤੀਆਂ ਉਤਾਰ ਠਾਕਰ ਸ਼ਿੰਗਾਰਾ ਸਿੰਘ ਕੰਧ ਨਾਲ ਲਗੇ ਵਡੇ ਬੋਰਡ ਤੋਂ ਉੱਚੀ ਉੱਚੀ ਇਬਾਰਤ ਹਮੇਸ਼ਾਂ ਪੜ੍ਹਦੇ ਹਨ :
"ਦਰਗਾਹ ਬਾਬਾ ਬੁੱਢਣ ਅਲੀ ਸ਼ਾਹ"[3]

ਇਸ ਮਿੱਥ ਦਾ ਨਾਵਲ ਦੀ ਬਣਤਰ ਵਿਚ ਭਾਵੇਂ ਮਹੱਤਵਪੂਰਨ ਰੋਲ ਪ੍ਰਤੀਤ ਨਹੀਂ ਹੁੰਦਾ ਪਰ ਇਹ ਇਕ ਪਾਤਰ ਸ਼ਿੰਗਾਰਾ ਸਿੰਘ ਦੀ ਮਾਨਸਿਕਤਾ ਨੂੰ ਦਰਸਾਉਂਦੀ ਹੈ । ਇਸ ਤੋਂ ਇਲਾਵਾ ਇਹ ਲੋਕ-ਧਰਮ ਦਾ ਅਜਿਹਾ ਅੰਗ ਹੈ ਜਿਸ ਵਿਚ ਹਰ ਦੇਵੀ ਨਾਇਕ ਹਰ ਵਿਅਕਤੀ ਦਾ ਆਪਣਾ ਹੁੰਦਾ ਹੈ । ਉਹ ਵਿਸ਼ਿਸ਼ਟ ਧਰਮ ਦੀ ਸੀਮਾ ਵਿਚ ਵੀ ਕੈਦ ਨਹੀਂ ਰਹਿੰਦਾ ।ਨਾਵਲੀ ਬਣਤਰ ਦੀ ਲੋੜ ਤੋਂ ਵੱਧ ਇਹ ਮਿੱਥ ਲੇਖਿਕਾ ਦੇ ਕਿਸੇ ਪੂਰਵ ਮਿਥਿਤੀ ਉਦੇਸ਼ ਕਰਕੇ ਨਾਵਲ ਦਾ ਹਿੱਸਾ ਬਣੀ ਹੈ । ਇਹ ਪੂਰਵ ਮਿੱਥਿਤੀ ਉਦੇਸ਼ ਗੁਰੂ ਨਾਨਕ ਨੂੰ ਸਰਵ-ਪ੍ਰਵਾਨਿਤ ਲੋਕਪ੍ਰਿਯ ਦੈਵੀ ਨਾਇਕ ਸਿੱਧ ਕਰਨਾ ਹੈ। ਨਾਵਲ 'ਜਿਲ ਬਿਨੁ ਕੁੰਭ' ਦੇ ਪਾਠ ਵਿਚ ਲੇਖਿਕਾ ਨੇ ਇਕ ਹੋਰ ਮਿੱਥ ਦੀ ਵਰਤੋਂ ਵੀ ਕੀਤੀ ਹੈ । ਇਹ ਭੈਰੋਂ ਦੀ ਮਿੱਥ ਹੈ । ਇਸ ਦਾ ਅਨੁਸਰਣ ਨਾਵਲ ਵਿਚ ਹੋਇਆ ਹੈ ਪਰ ਕੋਈ ਨਵੇਂ ਅਰਥ ਸੰਚਾਰ ਨਹੀਂ ਹੋਏ । ਇਹ ਮਿੱਥ ਸਿਰਫ ਇਤਿਹਾਸਕ ਵੇਰਵਾ ਹੀ ਪ੍ਰਧਾਨ ਕਰਦੀ ਹੈ ਜਿਵੇਂ :

ਪੰਡਤ ਜੀ ਦਸਿਆ, ਜਬ ਭੈਰੋਂ ਮਾਤਾ ਕੇ ਪੀਛੇ ਪੜਾ ਤੋਂ ਅਪਨੀ ਇੱਜਤ ਬਚਾਨੇ ਕੇ ਲੀਏ ਵੋ ਪਹਾੜੀ ਕੀ ਤਰਫ਼ ਭਾਗੀ ਤੋਂ ਪਹਿਲੇ ਯਹਾਂ ਰੁਕੀ ਥੀ ।.......................[4]

ਇਸ ਨਾਵਲ ਵਿਚ ਲੇਖਿਕਾ ਨੇ ਕਈ ਸਥਾਨਕ ਮਿੱਥਾਂ ਦੀ ਵਰਤੋਂ ਕੀਤੀ ਹੈ। ਭੈਰੋਂ ਦੀ ਮਿੱਥ ਅਜਿਹੀ ਹੀ ਮਿੱਥ ਹੈ । ਨਾਵਲ ਦੇ ਪਾਤਰ ਵਿਗਿਆਨਕ ਸੋਚ ਦੇ ਧਾਰਨੀ ਨਹੀਂ ਸਗੋਂ ਲੋਕ ਮਾਨਸਿਕ ਪ੍ਰਵਿਰਤੀਆਂ ਤੋਂ ਹੀ ਪ੍ਰਭਾਵਿਤ ਹਨ । ਇਸ ਲਈ ਪ੍ਰਚੱਲਤ ਮਿੱਥਾਂ ਉਨ੍ਹਾਂ ਦੇ ਜੀਵਨ ਦਾ ਅੰਗ ਹਨ ।
ਇਹ ਨਾਵਲ ਕਿਉਂਕਿ ਜੰਮੂ ਦੇ ਇਲਾਕੇ ਦੇ ਲੋਕਾਂ ਦੀ ਰਹਿਤਲ ਨੂੰ ਪੇਸ਼ ਕਰਦਾ ਹੈ । ਇਸ ਲਈ ਇਸ ਵਿਚ ਸਥਾਨਕ ਰੰਗਣ ਕਾਫੀ ਮਿਲਦਾ ਹੈ । ਅਜਿਹਾ ਖੇਤਰੀ ਨਾਵਲ ਜਿਸ ਵਿਚ ਸਥਾਨਕ ਰੰਗਣ ਰੀਤਾਂ-ਰਸਮਾਂ ਦੇ ਰੂਪ ਵਿਚ, ਖਾਣ-ਪੀਣ, ਰਹਿਣ-ਸਹਿਣ ਆਦਿ ਦੇ ਤੋਰ-ਤਰੀਕਿਆਂ ਵਿਚੋਂ ਪ੍ਰਗਟ ਹੁੰਦੀ ਹੈ । ਅਜਿਹੇ ਨਾਵਲ ਨੂੰ ਆਂਚਲਿਕ ਨਾਵਲ ਦਾ ਨਾ ਦਿੱਤਾ ਜਾਂਦਾ ਹੈ।

ਆਂਚਲਿਕ ਨਾਵਲ ਦੀ ਵੱਡੀ ਵਿਸ਼ੇਸ਼ਤਾ ਉਸ ਵਿਸ਼ੇਸ਼ ਖੇਤਰ ਨੂੰ ਉਸ ਦੇ ਆਪਣੇ ਮੂਲ ਰੰਗ ਵਿਚ ਪੇਸ਼ ਕਰਨ ਦੀ ਹੁੰਦੀ ਹੈ । ਇਸ ਮਨੋਰਥ ਲਈ ਸਥਾਨਕ ਲੋਕ-ਭਾਸ਼ਾ, ਪਹਿਰਾਵਾ ਅਤੇ ਰਹਿਣ-ਸਹਿਣ ਦੀਆਂ ਬਾਕੀ ਕਦਰਾਂ ਕੀਮਤਾਂ ਨਾਵਲ ਵਿਚ ਇਕ ਜੁਗਤ ਵਜੋਂ ਕਾਰਜਸ਼ੀਲ ਹੁੰਦੀਆਂ ਹਨ। ਡੋਗਰੀ ਭਾਸ਼ਾ ਜਿਸ ਨੂੰ ਪੰਜਾਬੀ ਦੀ ਉਪਬੋਲੀ ਸਮਝਿਆ ਜਾਂਦਾ ਹੈ, ਹੁਣ ਸੁਤੰਤਰ ਭਾਸ਼ਾ ਦੇ ਤੌਰ ਤੇ ਵਿਕਸਿਤ ਹੋ ਗਈ ਹੈ । ਸਪਸ਼ਟ ਹੈ ਕਿ ਜੰਮੂ ਦੇ ਇਲਾਕੇ ਦੇ ਲੋਕਾਂ ਨੂੰ ਆਧਾਰ ਬਣਾ ਕੇ ਰਚਿਆ ਗਿਆ ਸਾਹਿਤ ਜਿਸ ਵਿਚ ਸਥਾਨਕ ਪਾਤਰਾਂ ਨੇ ਪ੍ਰਵੇਸ਼ ਕਰਨਾ ਹੈ, ਦਾ ਜੁੱਸਾ ਡੋਗਰੀ ਲੋਕ-ਬੋਲੀ ਵਾਲਾ ਹੀ ਹੋਵੇਗਾ । ਭਾਵੇਂ ਇਹ ਨਾਵਲ ਪੰਜਾਬੀ ਭਾਸ਼ਾ ਵਿਚ ਲਿਖਿਆ ਗਿਆ ਹੈ ਪਰੰਤੂ ਇਸ ਵਿਚ ਪਾਤਰਾਂ ਦੇ ਸੰਵਾਦ ਡੋਗਰੀ ਲੋਕ-ਬੋਲੀ ਵਿਚ ਹੀ ਹਨ, ਜਿਵੇਂ ਕਿ -

"ਹੁਸਨ-ਜੁਆਨੀ ਕੀਆਂ ਨਾ ਰਹਵੇਂ....ਇੰਦਾ ਕੇਹ ਐ.....ਅਪਨਾ ਗੈ ਆਹਰ-ਪਾਹਰ ਐ ਨਾ......ਆਪਨਾ ਗੈ ਹਾਰ ਸ਼ਿੰਗਾਰ ਐ ਨਾ.....ਤਾਂਅ
ਤੁਆਂਹ ਦਾ ਕੇ ਫਿਕਰ ਐ ਇੰਨੇ ਗੀ.........ਜਾਗਤ ਬਾਲੇ ਕੰਨੇ ਤਾਂ ਜਨਾਨੀ
ਭਲੇਆ ਰੁਲੀ ਖੁਲੀ ਜੰਦੀ ਐ.........ਅਪਨੀ ਹੋਸ਼ ਸੰਵਰਨੇ ਦੀ ਸੂਰਤ ਗੈ ਨ੍ਹੀਂ
ਰੌਂਹਦੀ........."[5]

ਨਾਵਲ ਦੀ ਮੁੱਖ ਪਾਤਰ ਗੌਰਾਂ ਦੇ ਵਿਧਵਾ ਵਿਆਹ ਸੰਬੰਧੀ ਵਾਦ-ਵਿਵਾਦ ਹੁੰਦਾ ਹੈ ਕਿਉਂਕਿ ਗੋਰਾਂ ਪਾਤਰ ਉੱਚੀ ਜਾਤੀ ਨਾਲ ਸੰਬੰਧਿਤ ਹੈ । ਪਰਿਵਾਰਕ ਰੁਤਬਾ ਸਮਾਜ ਵਿਚ ਉੱਚ ਸ਼੍ਰੇਣੀ ਦਾ ਮੰਨਿਆ ਜਾਂਦਾ ਹੈ । ਇਸ ਸੰਬੰਧੀ ਵਿਵਾਦ ਵੀ ਲੇਖਿਕਾਂ ਨੇ ਡੋਗਰੀ ਲੋਕ-ਬੋਲੀ ਰਾਹੀ ਹੀ ਪੇਸ਼ ਕੀਤੇ ਹਨ ਜਿਵੇਂ :

"ਕੁਧਰੈ ਪਿਤਾ ਉਂਦੇ ਸਾਮਨੇ ਨੀ ਆਖੀ ਉੜੇਆ-ਮੇਰਾ ਆਲਾ ਕੰਡਾ ਬੀ ਕਢੀ ਦੇਂਗਨ....ਵਿਧਵਾ ਬਿਆਹ......। ਹੋਰ ਨਰੱਥ ਨ੍ਹੀਂ ਪਾਏਆ...।"
.ਤੁੰਦੇ ਦਮਾਗ ਤੇ ਸੇਰੀ ਐ....ਕੁਧਰੇ ਬਤੌਈ ਤੇ ਨੇਹੀ ਗੇਆ......ਤੂੰ ਦੇ ਘਰੇ ਆਲੇ......ਨੇਹਾ ਸ਼ੈਲ ਗਭਰੂ.........ਤੁਗੀ ਕੁਸ ਗਲੇ ਦਾ ਘਾਣਾ ਐ......
ਜੇ ਵਿਧਵਾ ਕੰਨੇ.......।[6]

ਡਾ. ਵਣਜਾਰਾ ਬੇਦੀ ਦੇ ਕਥਨ ਅਨੁਸਾਰ, "ਜਿਲ ਬਿਨੁ ਕੁੰਭ ਪੰਜਾਬੀ ਦਾ ਪਹਿਲਾ ਨਾਵਲ ਹੈ ਜਿਸ ਵਿਚ ਡੋਗਰੀ ਸਭਿਆਚਰ, ਰਹਿਣੀ-ਬਹਿਣੀ, ਰੀਤੀ-ਰਿਵਾਜ, ਵਿਸ਼ਵਾਸ ਲੋਕ ਮਾਨਸਿਕਤਾ ਅਤੇ ਲੋਕਧਾਰਾ ਦੇ ਚਿੱਤਰ ਪੂਰੀ ਸੁਹਿਰਦਤਾ ਨਾਲ ਪੇਸ਼ ਕੀਤੇ ਗਏ ਹਨ । ਡੋਗਰੀ ਸੰਸਕ੍ਰਿਤੀ ਅਤੇ ਲੋਕ ਸੰਸਕ੍ਰਿਤੀ ਦੇ ਰੰਗ ਵਿਚ ਹੈ । ਇਸ ਲਈ ਇਸ ਸੰਸਕ੍ਰਿਤੀ ਨੂੰ ਚੰਦਨ ਨੇ ਲੋਕਧਾਰਾ ਨਾਲ ਇੱਕ ਰਸ ਕਰਕੇ ਪੇਸ਼ ਕੀਤਾ ਹੈ ।"[7]

**ਲੋਕ ਪਹਿਰਾਵਾ** : ਪਹਿਰਾਵਾ ਵੀ ਕਿਸੇ ਜਨ-ਜੀਵਨ ਦੀ ਰਹਿਤਲ ਦਾ ਮਹੁੱਤਵਪੂਰਨ ਅੰਗ ਹੁੰਦਾ ਹੈ । ਇਹ ਇਲਾਕੇ ਵਿਸ਼ੇਸ਼ ਦੀਆਂ ਭੂਗੋਲਿਕ, ਸਮਾਜਿਕ ਅਤੇ ਆਰਥਿਕ ਪਰਿਸਥਿਤੀਆਂ ਦੀ ਤਸਵੀਰ ਪੇਸ਼ ਕਰਦਾ ਹੈ । ਲੋਕ-ਪਹਿਰਾਵੇ ਦੇ ਚਿੰਨ੍ਹ ਖਾਸ ਜਨ - ਸਮੂਹ ਵਿੱਚ ਵਿਸ਼ੇਸ਼ ਅਰਥ ਗ੍ਰਹਿਣ ਕਰ ਜਾਂਦੇ ਹਨ । ਜਿਵੇਂ ਪੰਜਾਬੀ ਪਹਿਰਾਵੇ ਵਿਚ ਪੱਗ, ਚਿੱਟੇ ਕੱਪੜੇ, ਸੂਹੇ ਕੱਪੜੇ ਵਿਸ਼ੇਸ਼ ਅਰਥਾਂ ਦਾ ਸੰਚਾਰ ਕਰਦੇ ਹਨ । ਰਚਨਾਕਾਰ ਆਪਣੀ ਲਿਖਤ ਵਿਚ ਲੋਕ-ਪਹਿਰਾਵੇਂ ਦੁਆਰਾ ਇਨ੍ਹਾਂ ਵਿਸ਼ੇਸ਼ ਚਿੰਨ੍ਹਤ ਅਰਥਾਂ ਨੂੰ ਸੰਚਾਰਨ ਦੀ ਕੋਸ਼ਿਸ਼ ਕਰਦਾ ਹੈ । ਇਸ ਨਾਲ ਰਚਨਾ ਦੇ ਅਰਥ ਵਿਸਥਾਰ ਅਤੇ ਸੰਚਾਰ ਵਿਚ ਮੱਦਦ ਮਿਲਦੀ ਹੈ ।'ਜਿਲ ਬਿਨੁ ਕੁੰਭ' ਨਾਵਲ ਵਿਚ ਪਾਤਰਾਂ ਦਾ ਪਹਿਰਾਵਾ ਉਨ੍ਹਾਂ ਦੀ ਵਿਸ਼ੇਸ਼ ਸਮਾਜਿਕ ਸਭਿਆਚਰਕ ਸਥਿਤੀ ਨੂੰ ਸਪਸ਼ਟ ਕਰਦਾ ਹੈ । ਜਿਵੇਂ :

.........ਤੋਤੀਏ ਰੰਗ ਦਾ ਚੂੜੀਦਾਰ ਡੋਗਰੀ ਪਜਾਮਾ, ਗੋਡਿਆਂ ਤੋਂ ਵੀ ਹੇਠਾਂ ਸਿਲਮੇਂਸਤਾਰੇ ਜੜੀ ਕਮੀਜ਼, ਕਿਨਾਰੀ ਵਾਲੀ ਚੁੰਨੀ ਤੇ ਬੋਸਕੀ ਦੀ ਅੰਡੀਲਪੇਟੀ, ਚਾਦਰਾਂ, ਠੂਠਿਆਂ, ਕੌਲਾਂ, ਕਸੌਰਿਆਂ 'ਚ ਖੇਰ ਪਾਉਂਦੇ......"[8]

ਲੇਖਿਕਾ ਨੇ ਲੋਕ-ਧਰਮ, ਲੋਕ ਵਿਸ਼ਵਾਸ ਅਤੇ ਅਨੁਸ਼ਠਾਨਾਂ ਦੇ ਵੇਰਵੇ ਵੀ ਬੜੇ ਹੀ ਕਲਾਤਮਕ ਢੰਗ ਨਾਲ ਦਿੱਤੇ ਹਨ । ਇਸ ਵਿਚ ਜਾਦੂ-ਟੂਣੇ, ਟੋਟਮ-ਪੂਜਾ, ਦੇਵੀ-ਦੇਵਤਿਆਂ ਦੀ ਪੂਜਾ, ਰੱਖ-ਪੂਜਾ, ਪੀਰਾਂ ਦੀ ਪੂਜਾ, ਵਰਤ,ਸ਼ਰਾਧ, ਤੀਰਥ, ਪੁੰਨ ਆਦਿ ਧਾਰਮਿਕ ਰੂੜੀਆਂ ਸ਼ਾਮਿਲ ਹੁੰਦੀਆਂ ਹਨ । ਪਰੰਪਰਾਗਤ ਕਦਰਾਂ ਕੀਮਤਾਂ ਵਾਲੇ ਪਾਤਰਾਂ ਦਾ ਲੋਕ-ਧਰਮ ਵਿਚ ਡੂੰਘਾ ਵਿਸ਼ਵਾਸ ਹੁੰਦਾ ਹੈ । ਇਸੇ ਲਈ ਇਸ ਨਾਵਲ ਵਿਚ ਲੋਕ ਧਰਮ ਪਾਤਰਾਂ ਦੇ ਵਿਹਾਰ ਦਾ ਇਕ ਮਹੱਤਵਪੂਰਨ ਅੰਗ ਹੈ । ਇਸੇ ਲਈ ਲੋਕ-ਧਰਮ, ਪੂਜਾ ਵਿਧੀਆਂ ਅਤੇ ਦੇਵੀ-ਦੇਵਤਿਆਂ ਨਾਲ ਸੰਬੰਧਿਤ ਵੇਰਵੇ ਵੀ ਮਿਲਦੇ ਹਨ ਜਿਵੇਂ :-

ਕਿਸ਼ਨੀ ਮਿਸ਼ਰਾਣੀ ਦੇਵਤਿਆਂ ਲਈ ਥਾਲ ਪਰੋਸ ਕੇ ਲੈ ਆਈ । ਅੰਬਲ, ਮੱਧਰਾ, ਰਾਜਮਾਹ, ਔਰੀਆਂ, ਭਠੂਰੂ, ਲੁੱਚੀਆਂ, ਚੌਲ, ਮਿੱਠਾ ਜ਼ਰਦਾ।" ਪੈਹਲਾ ਥਾਲ ਦੇਵਤੇ ਦਾ । ਭਾਗਾਂ ਨੇ ਆਪਣੀ ਕੁਲ ਦੇ ਮਾਨਸਰ ਦੇਵਤਾ ਨੂੰ ਧਿਆਉਂਦੇ ਹੱਥ ਜੋੜੇ । ਇਕ ਵਡੇਰੀ ਨੇ ਹੱਥ ਜੋੜ ਕੇ ਮੱਥਾ ਟੇਕਿਆ "ਤੇ ਮਾਨਸਰ ਦੇਵਤਾ-ਅਸ ਹੁੰਦੇ ਜਾਗਤ ਨਿਆਣੇ-ਕਿਸ਼ ਭੁਲ ਚੁਕ ਹੋ ਐ ਮਾਫ ਕਰੀ ਉੜੇਆ, ਦੇਵਤਾ।"[9]

ਗੌਰਾਂ ਦੇ ਵਿਆਹ ਸਮੇਂ ਵੀ ਦੇਵੀ-ਦੇਵਤਿਆਂ ਦੀ ਪੂਜਾ ਦਾ ਵੇਰਵਾ ਵੀ ਨਾਵਲ ਵਿਚ ਮਿਲਦਾ ਹੈ । ਜਿਵੇਂ :-

ਵੱਡੇ ਕਮੇ 'ਚ ਗੌਰਾਂ ਨੇ ਦੀਵਾ ਬਾਲਿਆ ਤੇ ਦੇਵਤਿਆਂ ਅੱਗੇ ਹੱਥ ਜੋੜ ਮੱਥਾ ਟੇਕ ਪਿੱਛੇ ਪਰਵਾਰ ਦੀ ਸੁੱਖ ਮੰਗੀ । ਤਾਰੋਂ ਝਿਊਰੀ ਨੇ ਵੜੇਵੇਂ,
ਕਣਕ, ਜੌਆਂ ਦੀ ਥਾਲੀ ਉਸ ਅੱਗੇ ਕੀਤੀ ਤਾਂ ਗੌਰਾ ਚੀਕਾਂ ਮਾਰ ਕੇ ਰੋ ਪਈ ।[10]

ਚੰਦਨ ਨੇਗੀ ਨੇ ਧਾਰਮਿਕ ਅਨੁਸ਼ਠਾਨਾਂ ਦੇ ਵੇਰਵੇ ਵੀ ਬੜੇ ਹੀ ਯਥਾਰਥਕ ਢੰਗ ਨਾਲ ਦਿੱਤੇ ਹਨ । ਕਿਉਂਕਿ ਲੋਕਾਂ ਦਾ ਵਿਸ਼ਵਾਸ ਹੈ ਕਿ ਕੋਈ ਵੀ ਕਾਰਜ ਧਾਰਮਿਕ ਅਨੁਸ਼ਠਾਨਾਂ ਤੋਂ ਬਿਨਾਂ ਨੇਪਰੇ ਨਹੀਂ ਚੜ੍ਹ ਸਕਦਾ ਹੈ । ਇਹ ਅਨੁਸ਼ਠਾਨ ਕਿਸੇ ਦੇਵੀ ਦੇਵਤੇ ਨੂੰ ਰੀਝਾਉਣ ਲਈ ਜਾਂ ਉਸ ਦੀ ਬਖਸ਼ਿਸ਼ ਪ੍ਰਾਪਤ ਕਰਨ ਲਈ ਕੀਤੇ ਜਾਂਦੇ ਹਨ । ਨਾਵਲ ਵਿਚਲੇ ਪਾਤਰ ਆਪਣੀ ਜ਼ਿੰਦਗੀ ਵਿਚ ਮਨ ਦੀਆਂ ਇੱਛਾਵਾਂ ਪੂਰੀਆਂ ਹੋਣ ਲਈ ਦੇਵਤਿਆਂ ਦੀ ਪੂਜਾ ਕਰਦੇ ਹਨ ।

ਟੁਟੀਆਂ ਕੰਧਾ, ਡਿੱਗੀਆਂ ਛੱਤਾ, ਖੰਡਰਾਂ ਵਿਚ ਖਰੂਦ ਕਰਦੇ ਬਾਂਦਰ ਤੇ ਸਾਹਮਣੇ ਸੰਗਮਰਮਰ ਦਾ ਕਾਲੀ ਦੇਵੀ ਦਾ ਮੰਦਰ ਸੀਖਾਂ ਦੇ ਜੰਗਲੇ ਕੋਲ ਜੁਤੀਆਂ ਉਤਾਰ ਰਾਮ ਪਿਆਰੀ ਨੇ ਬੱਧੇ ਹੋਏ ਛਿਲੂਆਂ ਦੇ ਪੈਰਾਂ 'ਚ ਫੁੱਲ ਰੱਖੇ, ਮੱਥਿਆ ਉੱਤੇ ਟਿੱਕੇ ਲਗਾਏ....ਪਾਣੀ ਦੇ ਛਣਿਆ ਨਾਲ ਛਿਲੂ ਕੰਬਣ ਲਗ ਪਏ ਮਾਤਾ ਨੇ ਇੱਛਾ ਪੂਰਾ ਕਰੀ ਉੜੀ.........।"[11]

ਲੋਕ-ਜੀਵਨ ਵਿਚ ਆਮ ਮਨੁੱਖ ਦਾ ਜਾਦੂ-ਟੂਣੇ, ਕਰਾਮਾਤਾ, ਬਦ-ਰੂਹਾਂ ਆਦਿ ਵਿਚ ਡੂੰਘਾ ਵਿਸ਼ਵਾਸ ਹੁੰਦਾ ਹੈ । ਬੀਮਾਰੀਆਂ ਨੂੰ ਬਦਰੂਹਾਂ ਦੀ ਕਰੋਪੀ ਸਮਝਿਆ ਜਾਂਦਾ ਹੈ ਅਤੇ ਉਨ੍ਹਾਂ ਦੇ ਇਲਾਜ ਲਈ ਵੀ ਲੋਕ-ਪ੍ਰਚੱਲਤ ਟੋਟਕਿਆਂ ਅਤੇ ਵਿਸ਼ਵਾਸਾਂ ਦਾ ਸਹਾਰਾ ਲਿਆ ਜਾਂਦਾ ਹੈ । ਇਸ ਨਾਵਲ ਦੇ ਪਾਤਰ ਵੀ ਅਜਿਹੇ ਪੰਰਪਰਾਗਤ ਲੋਕ-ਵਿਸ਼ਵਾਸਾ ਦੇ ਧਾਰਨੀ ਹਨ।'ਜਿਲ ਬਿਨੁ ਕੁੰਭ' ਨਾਵਲ ਵਿਚ ਲੋਕ ਚਕਿਤਸਾ ਨਾਲ ਸੰਬੰਧਿਤ ਲੋਕ-ਵਿਸ਼ਵਾਸ ਦੇਖੇ ਜਾ ਸਕਦੇ ਹਨ । ਜਿਵੇਂ :-

ਇਕ ਬਜ਼ੁਰਗ ਦਾਈ ਨੇ ਕਿੰਨੀ ਵਾਰੀ ਦਸਿਆ ਸੀ "ਭਾਗਾਂ ਛੋਤੀ ਦੀ ਥਮਾਂ ਪੰਜਮੇਂ ਦਿਨ ਨਹਾਈ ਧੋਈ, ਸੁੱਚੀ ਹੋਈਐ, ਚੌਂਦੇ ਚੋਂਦੇ ਖੁਲ੍ਹੇ ਬਾਲ.....ਸੌਣ ਆਲੇ ਕਮਰੇ ਦੀ ਦੁਆਠਣ ਪਰ ਇਕ ਪੈਰ ਅੰਦਰ....... ਇਕ ਪੈਰ ਬਾਹਰ ਰਖੀਐ ਦੁੱਧੇ 'ਚ ਸੌਗੀ ਕਾਹੜੀ ਐ, ਗਲਾਸ ਭਰੀਐ, ਤੱਤਾ-ਤੱਤਾ ਗੈ ਤਰੈ ਦਿਨ ਸੁੱਚੇ ਮੂੰਹ ਪੀਣਾ । ਪੰਜਮੇ, ਛੇਮੇਂ ਤੇ ਸਤਮੇਂ ਦਿਨ.....ਜ਼ਰੂਰ ਆਦਮੀ ਕੰਨੇ ਸੋਣਾ........ਵਡੀਆ ਵਡੇਰੀਆਂ
ਟੂਣਾ ਗੈ ਦਸਾ ਦੀਆਂ ਹੀ ਆਂ.........।[12]

ਨਾਵਲ ਵਿਚ ਬੱਚੇ ਦੇ ਜਨਮ ਵੇਲੇ ਕੀਤੇ ਜਾਣ ਵਾਲੇ ਲੋਕ-ਚਕਿਤਸਾ ਦਾ ਵਰਣਨ ਵੀ ਮਿਲਦਾ ਹੈ ।

ਦਰਦਾਂ ਨਾਲ ਬੇਹਾਲ ਹੋਈ ਭਾਗਾ ਠੰਡੀ ਯਥ ਹੋ ਗਈ । ਸਾਰੇ ਬਦਨ 'ਚ ਕੀੜੀਆਂ ਰੇਗਣ ਲੱਗੀਆਂ । ਉਹ ਹਫ ਗਈ । ਦਾਈ ਨੇ ਦੁੱਧ, ਘਿਉ, ਹਲਦੀ ਜ਼ੋਰੋ ਜ਼ੋਰੀ ਉਸ ਦੇ ਮੂੰਹ ਪਾਈ "ਪੀ ਲੈ ਮੜੀਏ....ਤੁੰਦੀ ਜਾਨ ਤੋਲੇ ਛੁਟਗ....ਸੱਤਮਾਇਆਂ ਬੱਚਾ.......ਬੱਚੇ ਦੀ ਗੈ ਖੈਰ.......ਮੰਗ"[13]

ਬੱਚੇ ਦੇ ਜਨਮ ਤੋਂ ਬਾਅਦ ਸੂਤਕ ਦੇ ਦਿਨਾਂ ਵਿਚ ਜੇਕਰ ਬੱਚਾ ਜਾਂ ਮਾਂ ਬਿਮਾਰ ਹੋ ਜਾਂਦੀ ਹੈ ਤਾਂ ਉਸ ਲਈ ਕਈ ਤਰ੍ਹਾਂ ਦੇ ਇਲਾਜ ਕੀਤੇ ਜਾਂਦੇ ਹਨ। ਕਈ ਵਾਰੀ ਸਮਝਿਆ ਜਾਂਦਾ ਹੈ ਕਿ ਕਿਸੇ ਭੂਤ ਭੁਤੇ ਦਾ ਸਾਇਆ ਹੈ ਇਸ ਦਾ ਜ਼ਿਕਰ ਵੀ ਚੰਦਨ ਨੇਗੀ ਨੇ ਬੜ੍ਹੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਹੈ :

ਭਾਗਾਂ ਚਲੀਹਾ ਨ੍ਹਾਤੀ, ਉਸ ਦਾ ਜਾਨ ਜਕੜੀ ਗਈ ; ਉਹ ਭੱਠ ਵਾਂਗ ਤਪ ਗਈ । ਕ੍ਰਿਸ਼ਨੀ ਨੇ ਗੁਗਲ ਹਰਮਲ ਧੁਖਾਏ "ਸੂਤਕੇ 'ਚ ਕਿਸ ਪਕੜ ਹੋਈ ਗੇਈ....ਕਈ ਸਿਆਣ, ਜੜੀਆਂ ਖਿਡਾਣ ਵਾਲੇ ਗੌਰੀਏ, ਢੋਲ ਵਜਾਂਦੇ ਗਾਰੜੀ ਵੀ ਆਏ । ਭਾਗਾਂ ਨੂੰ ਖਿਡਾਣ ਲਈ ਭੂਤ ਮਸਾਣਾ ਦਾ ਸੰਗੀਤ, ਢੋਲ, ਕਾਂਸੀ ਦੀਆਂ ਥਾਲੀਆਂ ਕੁੱਣਦੇ ਸ਼ਿਵ ਜੀ ਦੀ ਉਸਤਤ 'ਚ 'ਲਹਿਰਾਂ' ਗਾ ਗਾ ਥੱਕ ਗਏ..... ਪਰ ਭਾਗਾਂ ਨਾ ਬੋਲੀ, ਨਾ ਝੂਲੀ, ਨਾ ਡੋਲੀ ਆਈ ਮਿਰਚਾਂ ਦੇ ਧੂੰਏ, ਚਿਮਟਿਆਂ ਦੀਆਂ ਮਾਰਾਂ ਸਹਾਰਦੀ, "ਕਾਰਕਾ' ਸੁਣਦੀ ਰਹੀ ਪਰ ਨਾ ਜੜੀਆਂ ਬੋਲੀਆਂ ਨਾ ਭਾਗਾਂ ਹੋਂਠ ਹਿਲਾਏ।[14]

'ਜਲ ਬਿਨੁ ਕੁੰਭ' ਨਾਵਲ ਵਿਚ ਜਿੱਥੇ ਲੇਖਿਕਾ ਨੇ ਲੋਕ-ਵਿਸ਼ਵਾਸ, ਅਨੁਸ਼ਠਾਨ, ਵਹਿਮ ਭਰਮ ਆਦਿ ਬਾਰੇ ਵਿਥਾਰਪੂਰਵਕ ਵਿਸ਼ਲੇਸ਼ਣ ਕੀਤਾ ਹੈ ਉਥੇ ਹੀ ਚੰਦਨ ਨੇਗੀ ਦੇ ਢੁਕਾਏ ਡੋਗਰੀ ਲੋਕ ਗੀਤ ਨਵੇਕਲੇ ਮੁਹਾਂਦਰੇ ਦੀ ਗੁਆਹੀ ਭਰਦੇ ਹਨ । ਗੌਰਾਂ ਦੇ ਡੋਲੀ ਚੜਨ ਵੇਲੇ ਦਾ ਗੀਤ ਬੜਾ ਹੀ ਭਾਵੁਕ ਕਰਨ ਵਾਲਾ ਹੈ । ਜਿਵੇਂ :

"ਕੂੰਜਾ ਉਡਣ ਬੋਲਗੀਆਂ ਉੱਡੀ-ਕਰੀ
ਟੂਰੀ ਬੋ ਗਈਆਂ
ਏਨ੍ਹਾਂ ਕੂੰਜਾਂ ਦੀ ਚਾਲ ਸੁਆਈ ਸਹੀਓ...ਓ....ਓ...ਓ...ਓ
ਮਾਪੇ ਮਿਲ ਬੋ ਲੱਗੇ-ਮਿੱਲੀ ਕਰੀ ਖਿੰਡਨ ਬੋ ਲਗੇ
ਅਸੀਂ ਨੈਣ ਭਰੀ ਭਰੀ ਰੋਈਆਂ ਸਹੀਓ...ਓ....ਓ....ਓ[15]

ਡਾ. ਵਣਜਾਰਾ ਬੇਦੀ ਦੇ ਕਥਨ ਅਨੁਸਾਰ 'ਜਲ ਬਿਨੁ ਕੁੰਭ' ਵਿਚ ਲੋਕਧਾਰਾ ਆਪਣੇ ਪੂਰੇ ਜਲੌਅ ਵਿਚ ਹੈ । ਬਾਬਾ ਬੁੱਦਣ ਅਲੀ ਸ਼ਾਹ ਦੀ ਸਮਾਧ ਦਾ ਵੇਰਵੇ ਭਰਿਆ ਵਰਣਨ, ਲੋਕਾਂ ਦਾ ਮੰਨਤਾਂ ਮੰਨਣਾ, ਦੇਗਾਂ ਤੇ ਚਾਦਰੇ ਚੜ੍ਹਾਣਾ, ਦਰਗਹ ਉੱਤੇ ਜੋਤਾਂ ਜਗਾਉਣਾ, ਨੌਰਾਤਿਆ ਵਿਚ ਵੈਸ਼ਨੋ ਦੇਵੀ ਦੀ ਪੂਜਾ ਤੇ ਖੇਤੀ ਸਰੋਂ ਉਗਾਣਾ, ਜਲ ਪਰਵਾਣਾ, ਵੈਸ਼ਨੋ ਦੇਵੀ ਦੀ ਯਾਤਰਾ, ਕਾਲੀ ਦੇਵੀ ਦੀ ਪੂਜਾ ਤੇ ਛਿਲੂਆਂ ਦੀ ਬਲੀ ਤੇ ਸੁਖਣਾ, ਮਾਤਾ ਦੀਆਂ ਕੰਜਕਾਂ, ਸੋਮਾਰੀ ਮਸਿਆ ਦਾ ਵਰਤ, ਰਾਮ ਲੀਲਾ, ਕ੍ਰਿਸ਼ਨ ਜਨਮ ਅਸ਼ਟਮੀ ਨੂੰ ਵਰਤ, ਪੂਜਾ ਤੇ ਹੰਡੋਲੇ, ਕੁਲ ਦੇਵਤਿਆਂ ਦੀ ਪੂਜਾ ਆਦਿ ਦੇ ਦ੍ਰਿਸ਼ ਤੇ ਵੇਰਵੇ ਲੋਕ ਧਰਮ ਨੂੰ ਦ੍ਰਿਸ਼ਟੀਗੋਚਰ ਕਰਦੇ ਹਨ ਅਤੇ ਪਾਤਰਾਂ ਦੀ ਮਾਨਸਿਕ ਸਥਿਤੀ ਤੇ ਵਿਸ਼ਵਾਸਾਂ ਮੰਨਤਾ-ਮੰਨੌਤਾਂ 'ਚ ਚਾਨਣ ਪਾਉਂਦੇ ਹਨ।[16]
ਉਪਰੋਕਤ ਵੇਰਵਿਆਂ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ 'ਜਲ ਬਿਨੁ ਕੁੰਭ' ਨਾਵਲ ਇਕ ਅਜਿਹਾ ਨਾਵਲ ਹੈ ਜਿਸ ਵਿਚ ਲੇਖਿਕਾ ਨੇ ਜੰਮੂ ਦੇ ਇਕ ਵਿਸ਼ੇਸ਼ ਇਲਕੇ ਦੇ ਲੋਕਾਂ ਦੇ ਜੀਵਨ ਚਿੱਤਰ ਨੂੰ ਬੜੇ ਹੀ ਕਲਾਤਮਕ ਢੰਗ ਨਾਲ ਪੇਸ਼ ਕੀਤਾ ਹੈ । ਜਦੋਂ ਕੋਈ ਰਚਨਾਕਾਰ ਵਿਸ਼ੇਸ਼ ਖਿੱਤੇ ਦੇ ਸਭਿਆਚਾਰਕ ਬਿੰਬ ਨੂੰ ਉਘਾੜਨਾ ਆਪਣਾ ਮਨੋਰਥ ਮਿਥ ਲਏ ਤਾਂ ਅਜਿਹਾ ਕਰਨ ਲਈ ਉਸ ਨੂੰ ਆਧਾਰ ਸਾਮੱਗ੍ਰੀ ਲੋਕਧਾਰਾ ਵਿਚੋਂ ਹੀ ਮਿਲਦੀ ਹੈ, ਜਾਂ ਇੰਝ ਵੀ ਕਿਹਾ ਜਾ ਸਕਦਾ ਹੈ ਕਿ ਪਰੰਪਰਾ ਮੁਖ ਸਮਾਜ ਦਾ ਪ੍ਰਤਿਰੂਪਨ ਕਰਨ ਲਈ ਉਹ ਲੋਕਧਾਰਾ ਦੀ ਸਾਮਗ੍ਰੀ ਦਾ ਹੀ ਅਨੁਸਰਣ ਅਤੇ ਰੂਪਾਂਤਰਣ ਕਰਦਾ ਹੈ ।'ਜਲ ਬਿਨੁ ਕੁੰਭ' ਨਾਵਲ ਦੀ ਬ੍ਰਿਤਾਂਤਕ ਜੁਗਤ ਦਾ ਆਧਾਰ ਲੋਕਧਾਰਾ ਸੱਮਗ੍ਰੀ ਦੇ ਵੇਰਵੇ ਹਨ । ਇਹ ਵੇਰਵੇ ਹੀ ਨਾਵਲ

ਦੇ ਥੀਮਿਕ ਅਤੇ ਬ੍ਰਿਤਾਂਤਕ ਸੰਗਠਨ ਨੂੰ ਬਲ ਬਖਸ਼ਦੇ ਹਨ । ਇਸ ਨਾਵਲ ਵਿਚ ਲੋਕ-ਸਾਹਿਤ, ਲੋਕ ਵਿਸ਼ਵਾਸ, ਲੋਕ-ਪਹਿਰਾਵਾ, ਲੋਕ - ਧਰਮ ਆਦਿ ਨਾਲ ਸੰਬੰਧਿਤ ਵਰਵੇ ਏਨੀ ਭਰਪੂਰ ਮਾਤਰਾ ਵਿਚ ਮਿਲਦੇ ਹਨ ਕਿ ਕਈ ਵਾਰੀ ਇਹ ਭੁਲੇਖਾ ਪੈਣ ਲੱਗਦਾ ਹੈ ਕਿ ਇਹ ਨਾਵਲ ਦੀ ਰੂਪ ਵਿਧਾ ਦੇ ਮਾਧਿਅਮ ਰਾਹੀ ਜੰਮੂ ਦੀ ਲੋਕਧਾਰਾ ਉੱਪਰ ਲਿਖੀਆ ਸਾਹਿਤਕ ਦਸਤਾਵੇਜ਼ ਹੈ ।

**ਟਿੱਪਣੀਆਂ ਅਤੇ ਹਵਾਲੇ**


1. ਜਲ ਬਿਨੁ ਕੁੰਭ ਅਤੇ ਲੋਕਧਾਰਾ - ਡਾ. ਵਣਜਾਰਾ ਬੇਦੀ ।
2. ਜਲ ਬਿਨੁ ਕੁੰਭ - ਪੰਨਾ - 19
3. ਉਹੀ ਪੰਨਾ - 18, 19, 20
4. ਉਹੀ ਪੰਨਾ - 23-24
5. ਉਹੀ ਪੰਨਾ - 20
6. ਉਹੀ ਪੰਨਾ - 89
7. ਜਲ ਬਿਨੁ ਕੁੰਭ ਅਤੇ ਲੋਕਧਾਰਾ - ਡਾ. ਵਣਜਾਰਾ ਬੇਦੀ
8. ਜਲ ਬਿਨੁ ਕੁੰਭ - ਪੰਨਾ - 19
9. ਉਹੀ ਪੰਨਾ - 27
10. ਉਹੀ ਪੰਨਾ - 51
11. ਉਹੀ ਪੰਨਾ - 81
12. ਉਹੀ ਪੰਨਾ - 22
13. ਉਹੀ ਪੰਨਾ - 30
14. ਉਹੀ ਪੰਨਾ - 31
15. ਉਹੀ ਪੰਨਾ - 51
16. ਜਲ ਬਿਨੁ ਕੁੰਭ ਅਤੇ ਲੋਕਧਾਰਾ - ਡਾ. ਵਣਜਾਰਾ ਬੇਦੀ